# ਕੌਂਸਲਾਂ ਦੇ ਲਈ ਗਾਈਡ – ਰੇਟਸ (ਕਰ) ਅਤੇ ਫੀਸਾਂ

ਹਰੇਕ ਕੌਂਸਲ ਆਪਣੀ ਨਗਰ ਪਾਲਿਕਾ ਦੇ ਵਿਚ ਵਸਨੀਕਾਂ ਅਤੇ ਵਪਾਰਾਂ ਤੋਂ ਕਰ (ਰੇਟ) ਇਕੱਠੇ ਕਰਦੀ ਹੈ ਤਾਂ ਜੋ ਸਥਾਨਕ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੇ ਖਰਚਿਆਂ ਵਿਚ ਮਦਦ ਮਿਲ ਸਕੇ। ਕੌਂਸਲ ਪੂਰੀ ਨਗਰ ਪਾਲਿਕਾ ਦੇ ਵਿਚ ਰੇਟਿੰਗ ਦੇ ਬੋਝ ਦੀ ਵੰਡ ਕਰਨ ਦੇ ਲਈ ਬੁਨਿਆਦੀ ਤੌਰ ਤੇ ਸੰਪਤੀ ਦੇ ਮੁੱਲਾਂ ਦਾ ਇਸਤੇਮਾਲ ਕਰਦੀ ਹੈ।

ਇਸ ਦਾ ਹਿਸਾਬ ਲਗਾਉਣਾ ਕਿ ਹਰ ਇੱਕ ਸੰਪਤੀ ਦਾ ਮਾਲਿਕ ਕਿੰਨੇ ਰੇਟ ਦਾ ਭਗਤਾਨ ਕਰਦਾ ਹੈ ਇਸ ਵਿਚ ਰੇਟ ਮਾਲੀਆ ਦੀ ਕੁਲ ਰਕਮ ਦਾ ਨਿਰਧਾਰਨ ਕਰਨਾ ਅਤੇ ਇਸਨੂੰ ਸਾਰੀ ਕਰ ਲਾਉਣ ਵਾਲੀ ਸੰਪਤੀ ਦੇ ਕੁੱਲ ਮੁੱਲ ਦੇ ਨਾਲ ਤਕਸੀਮ ਕਰਨਾ ਸ਼ਾਮਿਲ ਹੈ ਤਾਂ ਜੋ ਡਾਲਰ ਦੇ ਵਿਚ ਰੇਟ ਨੂੰ ਸਥਾਪਿਤ ਕੀਤਾ ਜਾ ਸਕੇ।

ਫਿਰ ਹਰ ਇੱਕ ਵਿਅਕਤੀਗਤ ਸੰਪਤੀ ਦੇ ਬਨਾਮ ਡਾਲਰ ਦੇ ਵਿਚ ਕਰ ਨੂੰ ਲਗਾਇਆ ਜਾਂਦਾ ਹੈ ਤਾਂ ਜੋ ਇਹ ਹਿਸਾਬ ਲਗਾਇਆ ਜਾ ਸਕੇ ਕਿ ਸੰਪਤੀ ਮਾਲਿਕ ਕਿੰਨਾ ਭੁਗਤਾਨ ਕਰਦਾ ਹੈ। ਕਰ ਕੌਂਸਲ ਦੀ ਆਮਦਨੀ ਦਾ ਤਕਰੀਬਨ ਅੱਧਾ ਭਾਗ ਹੁੰਦੇ ਹਨ ਅਤੇ ਇਹ ਸੰਪਤੀ ਕਰ ਦੀ ਇੱਕ ਕਿਸਮ ਹੁੰਦੇ ਹਨ।

ਵਿਕਟੋਰੀਅਨ ਕਾਨੂੰਨ ਸਥਾਨਕ ਸਰਕਾਰ ਕਾਨੂੰਨ 1989 ਦੇ ਤਹਿਤ ਕੌਂਸਲਾਂ ਨੂੰ ਕਰ ਅਤੇ ਫੀਸਾਂ ਲਗਾਉਣ ਦੇ ਯੋਗ ਬਣਾਉਂਦਾ ਹੈ।

ਹਰੇਕ ਕੌਂਸਲ ਦੇ ਆਰਥਿਕ ਪ੍ਰਦਰਸ਼ਨ ਨੂੰ Know your Council ਸਾਈਟ ਤੇ ਦੇਖਿਆ ਜਾ ਸਕਦਾ ਹੈ ਅਤੇ Compare Councilssss ਭਾਗ ਦੇ ਵਿੱਚ ਤੁਲਨਾ ਕੀਤੀ ਜਾ ਸਕਦੀ ਹੈ। ਅਜਿਹਾ ਕਰਨ ਲਈ, service area ਦੇ ਆਈਕਨ ਤੇ ਕਲਿੱਕ ਕਰੋ, ਫਿਲਟਰ ਤੋਂ ਆਪਣੀ ਕੌਂਸਲ ਦੀ ਚੋਣ ਕਰੋ, ਅਤੇ ਫਿਰ ਸੂਚੀ ਵਿਚੋਂ ਤਿੰਨ ਹੋਰ ਇਕੋ ਜਿਹੀਆਂ ਕੌਂਸਲਾਂ ਦੀ ਚੋਣ ਕਰਨ ਲਈ ਡੱਬਿਆਂ ਦੀ ਵਰਤੋਂ ਕਰੋ।

## ਕਰਾਂ ਦਾ ਭੁਗਤਾਨ

ਕਰਾਂ ਨੂੰ ਸਾਲਾਨਾ ਤੌਰ ਤੇ ਲਾਗੂ ਕੀਤਾ ਜਾਂਦਾ ਹੈ। ਇਸਦਾ ਭੁਗਤਾਨ ਚਾਰ ਕਿਸ਼ਤਾਂ ਦੇ ਵਿਚ ਹੋਣਾ ਚਾਹੀਦਾ ਹੈ ਜਾਂ ਇਕੱਠਾ ਇੱਕੋ ਵਾਰ ਦੇ ਵਿਚ ਭੁਗਤਾਨ ਹੋਣਾ ਚਾਹੀਦਾ ਹੈ ਜੇ ਇਸ ਦੀ ਆਗਿਆ ਕੌਂਸਲ ਦੁਆਰਾ ਦਿੱਤੀ ਜਾਂਦੀ ਹੈ। ਸਤੰਬਰ, ਨਵੰਬਰ, ਫਰਵਰੀ, ਮਈ ਦਾ ਅੰਤਿਮ ਦਿਨ ਕਿਸ਼ਤ ਦੇ ਭੁਗਤਾਨ ਦੇ ਲਈ ਅੰਤਿਮ ਦਿਨ ਹੁੰਦੇ ਹਨ। ਜਿਥੇ ਇਕੱਠੀ ਰਕਮ ਦੇ ਭੁਗਤਾਨ ਦੀ ਮਨਜ਼ੂਰੀ ਦਿੱਤੀ ਗਈ ਹੈ ਤੇ ਇਸਦਾ ਭੁਗਤਾਨ 15 ਫਰਵਰੀ ਤੱਕ ਕੀਤਾ ਜਾ ਸਕਦਾ ਹੈ। ਕੌਂਸਲ ਆਪਣੀ ਕਰ ਦੀ ਸੂਚਨਾ ਉਤੇ ਇਸ ਵੇਰਵੇ ਅਤੇ ਭੁਗਤਾਨ ਦੇ ਵਿਕਲਪਾਂ ਨੂੰ ਸ਼ਾਮਲ ਕਰਦੀ ਹੈ।

ਕਦੇ ਕਦੇ ਇੱਕ ਕੌਂਸਲ ਆਪਣੇ ਰੇਟ ਦੇ ਭੁਗਤਾਨ ਕਰਨ ਵਾਲੇ ਵਿਅਕਤੀਆਂ ਨੂੰ ਲਾਭ ਵੀ ਪ੍ਰਦਾਨ ਕਰ ਸਕਦੀਆਂ ਹਨ ਤਾਂ ਜੋ ਉਹ ਅੰਤਿਮ ਮਿਤੀ ਤੋਂ ਪਹਿਲਾਂ ਭੁਗਤਾਨ ਕਰਨ। ਇਸਦਾ ਵੇਰਵਾ ਕਰ ਸੂਚਨਾ ਤੇ ਦਿੱਤਾ ਜਾਂਦਾ ਹੈ

## ਕਰ ਜਿਸਦਾ ਭੁਗਤਾਨ ਨਹੀਂ ਕੀਤਾ ਗਿਆ ਹੈ

ਕਰ ਜਿਸਦਾ ਭੁਗਤਾਨ ਨਹੀਂ ਕੀਤਾ ਗਿਆ ਹੈ ਉਹ ਸੰਪਤੀ ਤੇ ਕਰਜ਼ਾ ਬਣ ਕੇ ਰਹਿੰਦੇ ਹਨ, ਜਿਸਦੇ ਤਹਿਤ ਮਲਕੀਅਤ ਦੇ ਵਿਚ ਕੋਈ ਬਦਲਾਵ ਨਹੀਂ ਆਉਂਦਾ ਹੈ। ਜੇ ਕੌਂਸਲ ਦੇ ਨਾਲ ਬਿਨਾ ਕਿਸੇ ਆਯੋਜਨ ਤੋਂ ਤਿੰਨ ਸਾਲਾਂ ਤੋਂ ਜ਼ਿਆਦਾ ਦੇ ਲਈ ਰੇਟਾਂ ਅਤੇ ਚਾਰਜਾਂ ਦਾ ਭੁਗਤਾਨ ਨਹੀਂ ਹੁੰਦਾ ਹੈ ਤੇ ਕੌਂਸਲ ਕਚਹਿਰੀ ਤੋਂ ਆਰਡਰ ਪ੍ਰਾਪਤ ਕਰ ਸਕਦੀ ਹੈ ਕਿ ਉਹ ਪੈਸਿਆਂ ਨੂੰ ਪ੍ਰਾਪਤ ਕਰਨ ਦੇ ਲਈ ਜ਼ਮੀਨ ਨੂੰ ਵੇਚ ਸਕਦੀ ਹੈ, ਮਲਕੀਅਤ ਹਾਸਿਲ ਕਰ ਸਕਦੀ ਹੈ।

## ਹਰਜਾਨੇ ਦਾ ਵਿਆਜ

ਜੇ ਤੁਹਾਨੂੰ ਇੱਕ ਕਰ ਦੀ ਸੂਚਨਾ ਪ੍ਰਾਪਤ ਹੋਈ ਹੈ ਤੇ ਤੁਹਾਨੂੰ ਇਹ ਸੁਨਿਸਚਿਤ ਕਰਨਾ ਚਾਹੀਦਾ ਹੈ ਕਿ ਤੁਸੀਂ ਤੁਰੰਤ ਇਸ ਉਪਰ ਕੰਮ ਕਰੋ। ਜਿਹੜੇ ਕਰਾਂ ਅਤੇ ਫੀਸਾਂ ਦਾ ਭੁਗਤਾਨ ਨਹੀਂ ਕੀਤਾ ਜਾਂਦਾ ਹੈ ਉਸ ਤੇ ਕੌਂਸਲ ਹਰਜ਼ਾਨਾ ਲੈਂਦੀਆਂ ਹਨ। ਇਸਨੂੰ ਉਸ ਮਿਤੀ ਤੋਂ ਚਾਰਜ ਕੀਤਾ ਜਾਂਦਾ ਹੈ ਜੋ ਕਿ ਫੀਸ ਨੂੰ ਭਰਨ ਦੀ ਅੰਤਿਮ ਮਿਤੀ ਹੁੰਦੀ ਹੈ।

ਹਰਜ਼ਾਨਾ ਵਿਆਜ ਰੇਟ ਕਾਨੂੰਨ 1983 ਦੇ ਅਧੀਨ ਹਰਜ਼ਾਨਾ ਵਿਆਜ ਰੇਟ ਤਹਿ ਹੁੰਦਾ ਹੈ।


VICTORIA State Government | Environment, Land, Water and Planning

## ਆਰਥਿਕ ਮੁਸ਼ਕਲ

ਜਾਇਜ਼ ਆਰਥਿਕ ਮੁਸ਼ਕਲ ਦੇ ਮਾਮਲੇ ਦੇ ਵਿਚ ਕੌਂਸਲ ਨਾ ਦਿੱਤੇ ਕਰਾਂ ਦੇ ਸਾਰੇ ਜਾਂ ਭੁਗਤਾਨਾਂ ਦੇ ਕੁਝ ਹਿੱਸੇ ਨੂੰ ਮੁਆਫ ਕਰ ਸਕਦੀਆਂ ਹਨ। ਇਸ ਦੇ ਨਾਲ ਸੰਬੰਧਿਤ ਕੌਂਸਲਾਂ ਕੋਲ ਆਮ ਤੌਰ ਤੇ ਇੱਕ ਨੀਤੀ ਹੁੰਦੀ ਹੈ ਜਿਸ ਤੇ ਮੁਆਫੀ ਚਾਹੁਣ ਵਾਲਾ ਅਰਜ਼ੀ ਦੇ ਸਕਦਾ ਹੈ ਤੁਸੀਂ ਕੌਂਸਲ ਦੇ ਕੋਲ ਮੁਆਫੀ ਜਾਂ ਬਾਅਦ ਵਿੱਚ ਭਰਨ ਦੇ ਲਈ ਉਦੋਂ ਅਰਜ਼ੀ ਦੇ ਸਕਦੇ ਹੋ ਜਦੋਂ ਤੁਹਾਨੂੰ ਆਪਣੇ ਕਰਾਂ ਦੇ ਭੁਗਤਾਨ ਦੇ ਵਿਚ ਮੁਸ਼ਕਲ ਆਉਂਦੀ ਹੈ। ਅਰਜ਼ੀ ਦੇਣ ਤੋਂ ਪਹਿਲਾਂ ਹੀ ਆਪਣੀ ਕੌਂਸਲ ਦੇ ਨਾਲ ਸੰਪਰਕ ਕਰੋ ਤਾਂ ਜੋ ਤੁਹਾਨੂੰ ਉਹਨਾਂ ਦੀ ਨੀਤੀ ਬਾਰੇ ਪਤਾ ਲੱਗ ਸਕੇ।

ਜੇ ਤੁਸੀਂ ਛੋਟ ਵਾਲੇ ਕਾਰਡ ਧਾਰਕ ਹੋ ਤਾਂ ਕੌਂਸਲ ਤੁਹਾਡੇ ਕਰਾਂ ਨੂੰ ਘਟਾ ਸਕਦੀ ਹੈ। ਰਾਜ ਸਰਕਾਰ ਅਤੇ ਮਹਿੰਗਾਈ ਵਿੱਚ ਵਾਧੇ ਦੁਆਰਾ ਘੱਟੋ ਘੱਟ ਰਕਮ ਨੂੰ ਨਿਸਚਿਤ ਕੀਤਾ ਜਾਂਦਾ ਹੈ। ਹਾਲਾਂਕਿ ਵਿਅਕਤੀਗਤ ਕੌਂਸਲ ਕੁਝ ਉਦਾਹਰਨਾਂ ਦੇ ਵਿਚ ਮੁਆਫ ਕੀਤੀ ਗਈ ਰਕਮ ਨੂੰ ਵਧਾਉਣ ਦਾ ਫੈਸਲਾ ਕਰ ਸਕਦੀਆਂ ਹਨ। ਨਗਰ ਪਾਲਿਕਾ ਦੇ ਕਰਾਂ ਵਿੱਚ ਛੋਟ ਦੇ ਵਿਚ ਹੋਰ ਜਾਣਕਾਰੀ ਪ੍ਰਾਪਤ ਕਰਨ ਦੇ ਲਈ ਛੋਟ ਦੀ ਜਾਣਕਾਰੀ ਲਾਈਨ ਨੂੰ 1800 658 521 ਉਤੇ ਸੰਪਰਕ ਕਰੋ।

## ਕਟੌਤੀਆਂ ਅਤੇ ਛੋਟਾਂ

ਕੌਂਸਲ ਕਰਾਂ ਅਤੇ ਫੀਸਾਂ ਉਤੇ ਕਟੌਤੀ ਜਾਂ ਛੋਟ ਵੀ ਦੇ ਸਕਦੀਆਂ ਹਨ ਤਾਂ ਜੋ ਇਤਿਹਾਸਿਕ, ਵਾਤਾਵਰਨ ਦੇ ਨਾਲ ਸੰਬੰਧਿਤ, ਅਰਕੀਟੈਕਚਰਲ ਜਾਂ ਵਿਗਿਆਨੀ ਮਹੱਤਤਾ ਵਾਲੀਆਂ ਇਮਾਰਤਾਂ ਨੂੰ ਨਗਰ ਪਾਲਿਕਾ ਦੇ ਵਿਚ ਉਚਿਤ ਵਿਕਾਸ ਅਤੇ ਸੁਰੱਖਿਆ ਪ੍ਰਦਾਨ ਕੀਤੀ ਜਾ ਸਕੇ। 'ਉੱਚਿਤ' ਵਿਕਾਸ ਦੇ ਵਿਚ ਜ਼ਮੀਨ ਦਾ ਇਸਤੇਮਾਲ, ਆਰਥਿਕ ਵਿਕਾਸ ਅਤੇ ਵਾਤਾਵਰਨ ਦੇ ਨਾਲ ਸੰਬੰਧਿਤ ਉਦੇਸ਼ ਸ਼ਾਮਿਲ ਹੁੰਦੇ ਹਨ।

ਕੌਂਸਲ ਮਤੇ ਜੋ ਅਜਿਹੀ ਕਟੌਤੀ ਅਤੇ ਛੋਟ ਪ੍ਰਦਾਨ ਕਰਦੇ ਹਨ, ਉਹਨਾਂ ਨੂੰ ਇਹ ਵਿਖਾਉਣਾ ਚਾਹੀਦਾ ਹੈ ਕਿ ਇਸਦੇ ਨਤੀਜੇ ਵਜੋਂ ਸਾਰੇ ਸਮਾਜ ਨੂੰ ਲਾਭ ਕਿਸ ਤਰ੍ਹਾਂ ਪ੍ਰਾਪਤ ਹੋਵੇਗਾ।

## ਕੌਂਸਲ ਕਰਾਂ ਦਾ ਹਿਸਾਬ ਕਿਵੇਂ ਲਗਾਉਂਦੀ ਹੈ

ਕੌਂਸਲ ਇਹ ਫੈਸਲਾ ਲੈਣ ਤੋਂ ਪਹਿਲਾਂ ਕਿ ਆਮ ਕਰਾਂ ਨੂੰ ਕਿੰਨਾ ਵਧਾਉਣਾ ਹੈ, ਆਉਣ ਵਾਲੇ ਸਾਲ ਲਈ ਬਜਟ ਨੂੰ ਤਿਆਰ ਕਰਦੀ ਹੈ। ਬਜਟ ਆਮ ਤੌਰ ਤੇ ਉਪਲਬਧ ਕੌਂਸਲ ਆਮਦਨੀ ਦੇ ਸੰਬੰਧ ਵਿਚ ਸਮਾਜਿਕ ਲੋੜਾਂ ਨੂੰ ਧਿਆਨ ਵਿਚ ਰੱਖਦਾ ਹੈ। ਕੌਂਸਲ ਇਸ ਚੀਜ਼ ਦਾ ਵੀ ਧਿਆਨ ਰੱਖੇਗੀ ਕਿ ਵਧੇ ਹੋਏ ਕਰ, ਕਰ ਦਾ ਭੁਗਤਾਨ ਕਰਨ ਵਾਲਿਆਂ ਤੇ ਪ੍ਰਭਾਵ ਕਿਵੇਂ ਪਾਉਂਦੇ ਹਨ।

## ਡਾਲਰ ਦੇ ਵਿਚ ਕਰ

ਵਿਆਪਕ ਤੌਰ ਤੇ, ਆਮ ਰੇਟਾਂ ਦੇ ਤਹਿਤ ਜਾਰੀ ਹੋਣ ਵਾਲੀ ਕੁਲ ਰਕਮ ਨੂੰ ਸਾਰੀਆਂ ਕਰ ਦੇਣ ਵਾਲੀਆਂ ਸੰਪਤੀਆਂ ਦੇ ਕੁੱਲ ਮੁੱਲ ਦੇ ਨਾਲ ਵੰਡਿਆ ਜਾਂਦਾ ਹੈ। ਨਤੀਜੇ ਦੇ ਵਿਚ ਆਈ ਕੀਮਤ ਨੂੰ "ਡਾਲਰ ਦੇ ਵਿਚ ਕਰ" ਕਿਹਾ ਜਾਂਦਾ ਹੈ।

ਕੌਂਸਲ ਡਾਲਰ ਦੇ ਵਿਚ ਲਾਗੂ ਕਰ ਦੁਆਰਾ ਕਰਾਂ ਦੇ ਵਿਚ ਹਰ ਇੱਕ ਸੰਪਤੀ ਦੇ ਨਿਰਧਾਰਿਤ ਮੁੱਲ ਦੇ ਤਹਿਤ ਭੁਗਤਾਨ ਹੋਣ ਵਾਲੀ ਰਕਮ ਦਾ ਨਿਰਧਾਰਨ ਕਰਦੀ ਹੈ। ਉਦਾਹਰਨ ਦੇ ਤੌਰ ਤੇ:

ਜੇ ਕੌਂਸਲ 10 ਮਿਲੀਅਨ ਡਾਲਰ ਦੀ ਕੁਲ ਆਮਦਨੀ ਨੂੰ ਇੱਕਠਾ ਕਰਨਾ ਚਾਹੁੰਦੀ ਹੈ ਅਤੇ ਨਗਰ ਪਾਲਿਕਾ ਦੇ ਵਿਚ ਕਰ ਦੇਣ ਵਾਲੀਆਂ ਸੰਪਤੀਆਂ ਦਾ ਕੁਲ ਮੂਲ ਸੁਧਾਰਿਆ ਮੁੱਲ 2.380 ਬਿਲੀਅਨ ਡਾਲਰ ਹੈ ਤੇ ਡਾਲਰ ਦੇ ਵਿਚ ਕਰ ਨੂੰ 10 ਮਿਲੀਅਨ ਡਾਲਰ ਨੂੰ 2.380 ਬਿਲੀਅਨ ਡਾਲਰ ਦੇ ਨਾਲ ਵੰਡ ਕਰਕੇ ਹਿਸਾਬ ਲਾਇਆ ਜਾਂਦਾ ਹੈ ਜੋ ਕਿ ਇੱਕ ਡਾਲਰ ਦੇ 0.0042 ਸੈਂਟ ਹੈ।

ਜਦੋਂ ਸਾਰੀਆਂ ਸੰਪਤੀਆਂ ਦਾ ਕੁਲ ਮੁੱਲ ਵਧਦਾ ਹੈ ਤੇ ਕੌਂਸਲ ਮੁਆਵਜ਼ਾ ਪ੍ਰਦਾਨ ਕਰਨ ਦੇ ਲਈ ਡਾਲਰ ਦੇ ਵਿਚ ਰੇਟ ਨੂੰ ਘਟਾ ਦਿੰਦੀ ਹੈ।

# ਕੌਂਸਲਾਂ ਦੇ ਲਈ ਗਾਈਡ – ਰੇਟਸ (ਕਰ) ਅਤੇ ਫੀਸਾਂ

## ਸੰਪਤੀ ਕਰ ਦਾ ਹਿਸਾਬ ਕਿਸ ਤਰ੍ਹਾਂ ਲਾਇਆ ਜਾਂਦਾ ਹੈ

ਸੰਪਤੀ ਦੇ ਮੁੱਲ ਨੂੰ ਡਾਲਰ ਦੇ ਵਿਚ ਕਰ ਦੇ ਤਹਿਤ ਇੱਕ ਸੰਪਤੀ ਦੇ ਕਰ ਦੇ ਨਾਲ ਗੁਣਾ ਕੀਤਾ ਜਾਂਦਾ ਹੈ। ਉਦਾਹਰਨ ਦੇ ਤੌਰ ਤੇ ਜੇ ਇੱਕ ਸੰਪਤੀ ਦਾ ਸੁਧਾਰਿਆ ਮੁੱਲ $250,000 ਹੈ ਅਤੇ ਡਾਲਰ ਦੇ ਵਿਚ ਕੌਂਸਲ ਕਰ 0.0042 ਸੈਂਟ ਤੇ ਨਿਸ਼ਚਿਤ ਹੈ, ਤੇ ਕਰ $1050 ($250,000 x 0.0042) ਹੋਵੇਗਾ।

ਤੁਹਾਡੇ ਕਰ ਦੇ ਨੋਟਿਸ ਵਿੱਚ ਖਾਸ ਵੇਰਵੇ ਦਿੱਤੇ ਜਾਣਗੇ ਕਿ ਤੁਹਾਡੇ ਕਰਾਂ ਦਾ ਹਿਸਾਬ ਕਿਵੇਂ ਲਗਾਇਆ ਜਾਂਦਾ ਹੈ।

## ਸੰਪਤੀ ਮੁੱਲ ਦਾ ਨਿਰਧਾਰਨ

ਸੰਪਤੀ ਮੂਲ ਦਾ ਨਿਰਧਾਰਨ ਆਜ਼ਾਦ ਵਪਾਰਕ ਮੁੱਲ ਨਿਰਧਾਰਨ ਦੁਆਰਾ ਕੀਤਾ ਜਾਂਦਾ ਹੈ ਜਿਸਨੂੰ ਇੱਕ ਕੌਂਸਲ ਜਾਂ State Valuer General ਦੁਆਰਾ ਨਿਯੁਕਤ ਕੀਤਾ ਜਾਂਦਾ ਹੈ। ਮੁੱਲ ਨਿਰਧਾਰਨ ਕਰਨ ਵਾਲੇ ਵਿਅਕਤੀ ਨਿਰਦੇਸ਼ਾਂ ਦੇ ਅਨੁਸਾਰ State Valuer General ਦੇ ਤਹਿਤ ਹਰੇਕ ਸੰਪਤੀ ਦੇ ਮੰਡੀ ਦੇ ਮੁੱਲ ਦਾ ਨਿਰਧਾਰਨ ਕਰਦੇ ਹਨ। ਰਾਜ ਕਾਨੂੰਨ ਅਨੁਸਾਰ ਸਾਰੀਆਂ ਸੰਪਤੀਆਂ ਦਾ ਮੁਲਾਂਕਣ ਹਰ ਦੋ ਸਾਲਾਂ ਬਾਅਦ ਹੋਣਾ ਚਾਹੀਦਾ ਹੈ।

ਸੰਪਤੀ ਮੁੱਲ ਇੱਕ ਨਗਰ ਪਾਲਿਕਾ ਤੋਂ ਦੂਜੀ ਅਤੇ ਸਮੇਂ ਦੇ ਨਾਲ ਨਾਲ ਵੱਖ ਵੱਖ ਹੋ ਸਕਦੀ ਹੈ। ਇਸਨੂੰ ਹਰ ਇੱਕ ਸੰਪਤੀ ਦੇ ਕਰ ਬਿਲ ਦੇ ਵਿਚ ਦਿਖਾਇਆ ਜਾਂਦਾ ਹੈ। ਤੁਹਾਡੀ ਸੰਪਤੀ ਦਾ ਮੁੱਲ ਨਿਰਧਾਰਨ ਸਿੱਧੇ ਤੌਰ ਤੇ ਤੁਹਾਡੇ ਕਰਾਂ ਨੂੰ ਪ੍ਰਭਾਵਿਤ ਕਰਦਾ ਹੈ। ਜੇ ਤੁਹਾਡਾ ਮੁੱਲ ਨਿਰਧਾਰਨ ਵੱਧਦਾ ਹੈ ਤੇ ਤੁਹਾਡੇ ਕਰ ਆਮ ਤੌਰ ਤੇ ਜ਼ਿਆਦਾ ਹੋਣਗੇ।

ਸੰਪਤੀ ਮੁੱਲ ਨਿਰਧਾਰਨ ਦੇ ਵਿਚ ਬਦਲਾਵਾਂ ਦੇ ਨਤੀਜੇ ਵਜੋਂ ਕੌਂਸਲ ਵੱਧ ਆਮਦਨੀ ਇਕੱਠੀ ਨਹੀਂ ਕਰਦੀਆਂ ਹਨ। ਹਰ ਇੱਕ ਵਿਅਕਤੀਗਤ ਸੰਪਤੀ ਦੇ ਲਈ ਮੁੱਲ ਨਿਰਧਾਰਨ ਦਾ ਇਸਤੇਮਾਲ ਆਮ ਤੌਰ ਤੇ ਭੁਗਤਾਨ ਹੋਣ ਵਾਲੇ ਕਰਾਂ ਦੇ ਹਿਸਾਬ ਲਾਉਣ ਦੇ ਲਈ ਕੀਤਾ ਜਾਂਦਾ ਹੈ। ਤੁਹਾਡੀ ਸੰਪਤੀ ਦੇ ਮੁੱਲ ਦੇ ਬਾਰੇ ਜਾਣਕਾਰੀ ਨੂੰ ਕੌਂਸਲ ਦੁਆਰਾ ਜਾਰੀ ਕਰ ਸੂਚਨਾ ਦੇ ਵਿਚ ਸ਼ਾਮਿਲ ਕੀਤਾ ਜਾਂਦਾ ਹੈ।

ਮੁੱਲ ਨਿਰਧਾਰਨ ਕਰਨ ਵਾਲੇ ਵਿਅਕਤੀ ਤਿੰਨ ਤਰੀਕਿਆਂ ਦੇ ਨਾਲ ਇੱਕ ਸੰਪਤੀ ਦੇ ਮੁੱਲ ਦਾ ਮੁਲਾਂਕਣ ਕਰ ਸਕਦੇ ਹਨ:

- **ਮੂਲ ਸੁਧਾਰਿਆ ਮੁੱਲ -** ਜ਼ਮੀਨ ਅਤੇ ਇਮਾਰਤਾਂ ਅਤੇ ਦੂਜੇ ਸੁਧਾਰਾਂ ਦਾ ਕੁਲ ਮੰਡੀ ਦਾ ਮੁੱਲ
- **ਕੁੱਲ ਸਾਲਾਨਾ ਮੁੱਲ -** ਇੱਕ ਸੰਪਤੀ ਦੇ ਕੁੱਲ ਸਾਲਾਨਾ ਕਿਰਾਏ ਦਾ ਵਰਤਮਾਨ ਮੁੱਲ (ਕਾਨੂੰਨ ਦੁਆਰਾ, ਵਪਾਰਕ ਸੰਪਤੀ ਦੇ ਲਈ ਅਸਲ ਸਾਲਾਨਾ ਮੁੱਲ ਘੱਟੋ ਘੱਟ ਮੂਲ ਸੁਧਾਰੇ ਮੁੱਲ ਦਾ 5% ਹੋਣਾ ਚਾਹੀਦਾ ਹੈ ਅਤੇ ਰਿਹਾਇਸ਼ੀ ਸੰਪਤੀ ਦੇ ਲਈ ਮੂਲ ਸੁਧਾਰੇ ਮੁੱਲ ਦਾ 5%)
- **ਥਾਂ ਦਾ ਮੁੱਲ -** ਜ਼ਮੀਨ ਦਾ ਸਿਰਫ ਬਾਜ਼ਾਰੀ ਮੁੱਲ

ਜ਼ਿਆਦਾਤਰ ਵਿਕਟੋਰੀਆ ਦੀਆਂ ਕੌਂਸਲਾਂ ਕਰ ਲਗਾਉਣ ਦੇ ਲਈ ਮੂਲ ਸੁਧਾਰੇ ਮੁੱਲ ਦਾ ਇਸਤੇਮਾਲ ਕਰਦੀਆਂ ਹਨ

ਜੇ ਤੁਹਾਨੂੰ ਲੱਗਦਾ ਹੈ ਕਿ ਮੁੱਲ ਨਿਰਧਾਰਨ ਅਨੁਚਿਤ ਜਾਂ ਤਰਕਹੀਣ ਹੈ ਤੇ ਤੁਸੀਂ ਉਸ ਤੇ ਪ੍ਰਸ਼ਨ ਓਠਾ ਸਕਦੇ ਹੋ। ਕਰਸੂਚਨਾ ਦੇ ਵਿਚ ਆਮ ਤੌਰ ਤੇ ਪ੍ਰਸ਼ਨ ਕਿਸ ਤਰ੍ਹਾਂ ਉਠਾਉਣਾ ਹੈ ਉਸ ਦਾ ਵੇਰਵਾ ਸ਼ਾਮਿਲ ਹੈ।

## ਭਿੰਨਤਾਸੂਚਕ (ਡਿਫਰੈਂਸ਼ੀਅਲ) ਕਰ

ਭਿੰਨਤਾਸੂਚਕ ਕਰ ਉਹ ਹੁੰਦੇ ਹਨ ਜਿਥੇ ਕੌਂਸਲ ਕਰ ਲਾਉਣ ਵਾਲੀ ਜ਼ਮੀਨ ਦੇ ਵੱਖ ਵੱਖ ਵਰਗਾਂ ਦੇ ਲਈ ਵੱਖ ਵੱਖ ਡਾਲਰ ਦੇ ਵਿਚ ਕਰ ਨਿਰਧਾਰਿਤ ਕਰਦੀ ਹੈ। ਕੌਂਸਲ ਸਾਰੀਆਂ ਸੰਪਤੀਆਂ ਦੇ ਲਈ ਜਾਂ ਤੇ ਇੱਕ ਸਮਾਨ ਰੇਟ ਲਾਗੂ ਕਰ ਸਕਦੀ ਹੈ ਜਾਂ ਇੱਕ ਜਾਂ ਜ਼ਿਆਦਾ ਭਿੰਨਤਾਸੂਚਕ ਕਰ ਲਾਗੂ ਕਰ ਸਕਦੀ ਹੈ। ਕੌਂਸਲ ਉਦਾਹਰਨ ਦੇ ਤੌਰ ਤੇ ਖੇਤੀ ਦੀ ਜ਼ਮੀਨ, ਰਿਹਾਇਸ਼ੀ/ਵਪਾਰਕ ਜਾਂ ਉਦਯੋਗ ਸੰਪਤੀ ਦੇ ਵੱਖ ਵੱਖ ਵਰਗਾਂ ਦੇ ਲਈ ਭਿੰਨਤਾਸੂਚਕ ਕਰ ਜਾਰੀ ਕਰ ਸਕਦੀ ਹੈ - ਹਰ ਇੱਕ ਡਾਲਰ ਦੇ ਵਿਚ ਘੱਟ ਜਾਂ ਜ਼ਿਆਦਾ ਰੇਟ ਦਾ ਭੁਗਤਾਨ ਕਰਦੇ ਹ।

ਭਿੰਨਤਾਸੂਚਕ ਕਰਾਂ ਦਾ ਇਸਤੇਮਾਲ ਆਮ ਤੌਰ ਤੇ  ਜ਼ਿਆਦਾ ਬਰਾਬਰਤਾ ਜਾਂ ਕੁਸ਼ਲਤਾ ਪ੍ਰਾਪਤ ਕਰਨ ਦੇ ਲਈ ਕੀਤਾ ਜਾਂਦਾ ਹੈ।

# ਕੌਂਸਲਾਂ ਦੇ ਲਈ ਗਾਈਡ – ਰੇਟਸ (ਕਰ) ਅਤੇ ਫੀਸਾਂ

ਵੱਧ ਭਿੰਨਤਾਸੂਚਕ ਕਰ ਇੱਕ ਕੌਂਸਲ ਦੁਆਰਾ ਨਿਸਚਿਤ ਘੱਟ ਤੋਂ ਘੱਟ ਭਿੰਨਤਾਸੂਚਕ ਰੇਟ ਤੋਂ ਚਾਰ ਗੁਣਾ ਤੋਂ ਜ਼ਿਆਦਾ ਨਹੀਂ ਹੋ ਸਕਦਾ ਹੈ।

ਭਿੰਨਤਾਸੂਚਕ ਰੇਟਿੰਗ ਤੇ ਹੋਰ ਜਾਣਕਾਰੀ ਦੇ ਲਈ, ਸਥਾਨਕ ਸਰਕਾਰ ਵਿਕਟੋਰੀਆ ਵੈੱਬ ਸਾਈਟ ਤੇ ਮੰਤਰੀ ਦੇ ਨਿਰਦੇਸ਼ਾਂ ਅਤੇ ਆਮਦਨੀ ਅਤੇ ਰੇਟਿੰਗ ਨੀਤੀ ਨੂੰ ਵੇਖੋ।

## ਸੇਵਾ ਕਰ ਅਤੇ ਫੀਸਾਂ

ਕੌਂਸਲ ਇੱਕ ਸੇਵਾ ਕਰ ਜਾਂ ਸਾਲਾਨਾ ਸੇਵਾ ਕਰ ਖਾਸ ਸੇਵਾਵਾਂ ਦੇ ਲਈ ਲਾਗੂ ਕਰ ਸਕਦੀਆਂ ਹਨ ਜੋ ਉਹ ਪ੍ਰਦਾਨ ਕਰਦੇ ਹਨ। ਜ਼ਿਆਦਾਤਰ ਕੌਂਸਲ ਕੇਵਲ ਕੂੜੇ ਦੇ ਸੰਕਲਨ, ਰੀਸਾਈਕਲਿੰਗ ਅਤੇ ਨਿਪਟਾਨ ਦੇ ਲਈ ਚਾਰਜ ਕਰਦੀਆਂ ਹਨ।

ਇੱਕ ਸੇਵਾ ਫੀਸ ਸਭ ਤੋਂ ਆਮ ਤਰੀਕਾ ਹੈ ਜਿਸ ਦੁਆਰਾ ਕੌਂਸਲ ਸੇਵਾਵਾਂ ਦੇ ਲਈ ਲੈਂਦੀਆਂ ਹਨ, ਭਾਵੇਂ ਕੁਝ ਲੋਕ ਸੰਪਤੀ ਦੇ ਮੁੱਲ ਨਿਰਧਾਰਨ ਦੇ ਆਧਾਰ ਤੇ ਇੱਕ ਸੇਵਾ ਕਰ ਚਾਰਜ ਕਰ ਸਕਦੇ ਹਨ।

ਫੀਸ ਆਮ ਤੌਰ ਤੇ ਇੱਕ ਅਲੱਗ ਰਕਮ ਦੇ ਤੌਰ ਤੇ ਕਰ ਨਿਰਧਾਰਨ ਸੂਚਨਾ ਤੇ ਵਿਖਾਈ ਦਿੰਦੀ ਹੈ। ਵੱਖ ਵੱਖ ਸੰਪਤੀ ਦੇ ਵਰਗਾਂ ਦੇ ਲਈ ਇੱਕ ਵੱਖ ਰਕਮ ਲਈ ਜਾ ਸਕਦੀ ਹੈ ਜਾਂ ਕੂੜੇ ਦੇ ਉਦੇਸ਼ਾਂ ਦੇ ਲਈ ਵੱਖ ਵੱਖ ਆਕਾਰ ਦੇ ਕੂੜੇ ਦੇ ਡੱਬਿਆਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ।

### ਨਗਰ ਪਾਲਿਕਾ ਫੀਸ

ਨਗਰ ਪਾਲਿਕਾ ਫੀਸ ਇੱਕ ਸਮਾਨ ਫੀਸ ਹੈ ਜਿਸਦਾ ਇਸਤੇਮਾਲ ਕੌਂਸਲ ਦੀ ਅਧਿਕਾਰ ਸੰਬੰਧੀ ਕੀਮਤਾਂ ਨੂੰ ਸਿੱਝਣ ਦੇ ਲਈ ਕੀਤਾ ਜਾਂਦਾ ਹੈ। ਨਗਰ ਪਾਲਿਕਾ ਫੀਸ ਦੁਆਰਾ ਜਾਰੀ ਕੁਲ ਰਕਮ ਨਗਰ ਪਾਲਿਕਾ ਅਤੇ ਆਮ ਕਰਾਂ ਦੀ ਕੁਲ ਰਕਮ ਤੋਂ 20% ਤੋਂ ਜ਼ਿਆਦਾ ਨਹੀਂ ਹੋ ਸਕਦੀ ਹੈ।

ਤੈਅ ਨਗਰ ਪਾਲਿਕਾ ਫੀਸ ਨੂੰ ਲਾਗੂ ਕਰਨ ਦਾ ਮਤਲਬ ਹੁੰਦਾ ਹੈ ਇਹ ਸੁਨਿਸ਼ਚਿਤ ਕਰਨਾ ਕਿ ਸਾਰੀਆਂ ਸੰਪਤੀਆਂ ਇੱਕ ਕੌਂਸਲ ਦੇ ਅਧਿਕਾਰ ਸੰਬੰਧੀ ਖਰਚਿਆਂ ਦੇ ਲਈ ਇੱਕੋ ਜਿਹਾ ਯੋਗਦਾਨ ਪਾਉਂਦੀਆਂ ਹਨ। ਕੁਝ ਕੌਂਸਲ ਇਹ ਨਾਮਾਂਕਣ ਕਰਦੀਆਂ ਹਨ ਕਿ ਤੈਅ ਨਗਰ ਪਾਲਿਕਾ ਫੀਸ ਦੇ ਲਈ ਕਿਹੜਿਆਂ ਖਰਚਿਆਂ ਦਾ ਭੁਗਤਾਨ ਕੀਤਾ ਜਾਵੇਗਾ।

### ਖਾਸ ਕਰ ਅਤੇ ਫੀਸਾਂ

ਕਦੇ ਕਦੇ ਇੱਕ ਕੌਂਸਲ ਖਾਸ ਕਰ ਅਤੇ ਫੀਸ ਨੂੰ ਲਾਗੂ ਕਰੇਗੀ। ਇਹ ਆਮ ਕਰਾਂ ਅਤੇ ਫੀਸਾਂ ਤੋਂ ਵੱਖ ਹੁੰਦੇ ਹਨ ਕਿਉਂਕਿ ਇਹ ਖਾਸ ਕੰਮਾਂ ਜਾਂ ਸੇਵਾਵਾਂ ਦੇ ਲਈ ਲਾਗੂ ਹੁੰਦੀ ਹਨ ਅਤੇ ਇਹ ਸੀਮਿਤ ਕਰ ਦਾ ਭੁਗਤਾਨ ਕਰਨ ਵਾਲੇ ਵਿਅਕਤੀਆਂ ਦੇ ਉਪਰ ਲਾਗੂ ਕੀਤੀ ਜਾਂਦੀ ਹੈ।

ਕੌਂਸਲ ਇੱਕ ਖਾਸ ਕਰ ਜਾਂ ਇਸਦੇ ਇਕੱਠਾ ਕਰਨ ਨੂੰ ਲਾਗੂ ਕਰਨ ਦੇ ਯੋਗ ਹੁੰਦੇ ਹਨ ਤਾਂ ਜੋ ਕਿਸੇ ਵੀ ਕੌਂਸਲ ਸੇਵਾ ਜਾਂ ਕੰਮ ਦੇ ਲਈ ਮਦਦ ਹੋ ਸਕੇ ਜੋ ਸੰਪਤੀ ਦੇ ਮਾਲਿਕਾਂ ਦੇ ਇੱਕ ਖਾਸ ਗਰੁੱਪ ਦੇ ਲਈ ਖਾਸ ਲਾਭ ਪ੍ਰਦਾਨ ਕਰੇਗਾ।

ਖਾਸ ਕਰਾਂ ਜਾਂ ਫੀਸਾਂ ਦੇ ਆਮ ਉਦਾਹਰਨਾਂ ਦੇ ਵਿਚ ਫੁੱਟ ਪਾਥਾਂ, ਸੜਕਾਂ, ਕੰਢਿਆਂ ਅਤੇ ਨਾਲਿਆਂ ਜਾਂ ਡਰੇਨਾਂ ਦੇ ਨਿਰਮਾਣ ਦੇ ਲਈ ਸਕੀਮਾਂ ਸ਼ਾਮਲ ਹਨ। ਇਸ ਵਿਚ ਸੇਵਾਵਾਂ ਦੇ ਪ੍ਰਬੰਧ ਵੀ ਸ਼ਾਮਲ ਹਨ ਜਿਵੇਂ ਕਿ ਵਿਗਿਆਪਨ, ਮੰਡੀਕਰਨ ਜਾਂ ਆਰਥਿਕ ਵਿਕਾਸ (ਉਦਾਹਰਨ ਦੇ ਤੌਰ ਤੇ ਵਪਾਰਕ ਵਪਾਰਾਂ ਦੇ ਲਈ)।

ਕੌਂਸਲ ਤਕਰੀਬਨ ਕਿਸੇ ਵੀ ਤਰ੍ਹਾਂ ਦੇ ਕੰਮ ਦੇ ਲਈ ਇੱਕ ਖਾਸ ਕਰ ਜਾਂ ਫੀਸ ਨਿਸਚਿਤ ਕਰ ਸਕਦੀ ਹੈ ਖਾਸ ਕਰਾਂ ਜਾਂ ਫੀਸਾਂ ਨੂੰ ਨਿਸਚਿਤ ਕਰਨ ਦੇ ਦੌਰਾਨ ਕੌਂਸਲਾਂ ਨੂੰ ਸਥਾਨਕ ਸਰਕਾਰ ਕਾਨੂੰਨ ਦੇ ਪ੍ਰਬੰਧਾਂ ਦੇ ਅਨੁਕੂਲ ਕੰਮ ਕਰਨਾ ਚਾਹੀਦਾ ਹੈ। ਖਾਸ ਕਰ ਅਤੇ ਫੀਸ ਖਾਸ ਲਾਭਾਂ ਦੇ ਅਨੁਪਾਤ ਵਜੋਂ ਲਾਗੂ ਹੁੰਦੇ ਹਨ ਜਿਸਦੇ ਨਾਲ ਉਹ ਸੰਬੰਧਿਤ ਹੁੰਦੇ ਹਨ। ਕੌਂਸਲ ਦੇ ਇੱਕ ਖਾਸ ਕਰ ਜਾਂ ਫੀਸ ਪ੍ਰਸਤਾਵਿਤ ਕਰਨ ਤੋਂ ਪਹਿਲਾਂ ਉਸਨੂੰ ਪ੍ਰਸਤਾਵਿਤ ਕੰਮਾਂ ਜਾਂ ਸੇਵਾਵਾਂ ਦੇ ਲਾਭਾਂ ਦੇ ਅਨੁਪਾਤ ਦਾ ਅਨੁਮਾਨ ਲਗਾਉਣਾ ਚਾਹੀਦਾ ਹੈ ਜੋ ਉਹਨਾਂ ਲੋਕਾਂ ਨੂੰ ਲਾਭ ਪ੍ਰਦਾਨ ਕਰਦੇ ਹਨ ਜੋ ਉਸਦਾ ਭੁਗਤਾਨ ਕਰਨ ਦੇ ਲਈ ਦੇਣਦਾਰ ਹੁੰਦੇ ਹਨ।

ਉਦਾਹਰਨ ਦੇ ਤੌਰ ਤੇ ਸੜਕ ਨਿਰਮਾਣ ਦੇ ਲਈ ਕੌਂਸਲ ਦੇ ਖਾਸ ਫੀਸ ਨੂੰ ਪ੍ਰਸੁਤਾਵਿਤ ਕਰਨ ਤੋਂ ਪਹਿਲਾਂ ਉਹ ਇਹ ਹਿਸਾਬ ਕਰੇਗੀ ਕਿ ਸੜਕ ਦੇ ਨਿਰਮਾਣ ਦਾ ਕਿੰਨਾ ਹਿੱਸਾ ਲਾਭ ਵਜੋਂ ਨਾਲ ਲੱਗਦੀਆਂ ਸੰਪਤੀਆਂ ਨੂੰ ਪ੍ਰਦਾਨ ਕੀਤਾ ਜਾਵੇਗਾ (ਸੁਧਰੀ ਹੋਈ ਡਰੇਨੇਜ, ਘੱਟ ਮਿੱਟੀ, ਬੇਹਤਰ ਪਹੁੰਚ

ਅਤੇ ਇਸ ਤੋਂ ਵੀ ਜ਼ਿਆਦਾ)। ਕੌਂਸਲ ਲਾਭਾਂ ਦੇ ਸਾਂਝੇ ਹਿੱਸੇ ਦੇ ਤਹਿਤ ਕੀਮਤਾਂ ਦੇ ਕੁਲ ਅਨੁਪਾਤ ਨੂੰ ਸੀਮਿਤ ਕਰੇਗੀ ਜਿਸਦਾ ਭੁਗਤਾਨ ਸਾਰੀਆਂ ਸੰਪਤੀਆਂ ਦੇ ਮਾਲਕਾਂ ਦੁਆਰਾ ਹੋਣਾ ਹੈ।

ਕੌਂਸਲ ਇੱਕ ਮਿਆਰ ਨਿਸਚਿਤ ਕਰੇਗੀ ਤਾਂ ਜੋ ਇਹ ਨਿਰਧਾਰਨ ਕੀਤਾ ਜਾ ਸਕੇ ਕਿ ਕਿਵੇਂ ਕਰ ਜਾਂ ਫੀਸ ਨੂੰ ਪ੍ਰਭਾਵਿਤ ਭੁਗਤਾਨ ਕਰਨ ਵਾਲੇ ਵਿਅਕਤੀਆਂ ਦੇ ਵਿਚ ਵੰਡਣਾ ਹੈ। ਇਸ ਤਰੀਕੇ ਨੂੰ ਸਮਝਣਾ ਕਿ ਕਿਵੇਂ ਇੱਕ ਖਾਸ ਕਰ ਜਾਂ ਫੀਸ ਨੂੰ ਵੰਡਿਆ ਗਿਆ ਹੈ ਉਹ ਮੁਸ਼ਕਿਲ ਹੋ ਸਕਦਾ ਹੈ। ਹੋਰ ਜ਼ਿਆਦਾ ਵੇਰਵੇ ਦੇ ਲਈ ਆਪਣੀ ਕੌਂਸਲ ਦੇ ਨਾਲ ਸੰਪਰਕ ਕਰੋ।

## ਖਾਸ ਕਰਾਂ ਅਤੇ ਫੀਸਾਂ ਦੇ ਵਿਚ ਅੰਤਰ

ਕੌਂਸਲ ਉਸ ਵਲੋਂ ਲਾਗੂ ਇੱਕ ਖਾਸ ਕਰ ਜਾਂ ਖਾਸ ਫੀਸ ਦੇ ਵਿਚ ਅੰਤਰ ਕਰ ਸਕਦੀ ਹੈ। ਇਹ ਅੰਤਰ ਭੁਗਤਾਨ ਹੋਣ ਵਾਲੀ ਰਕਮ, ਦੇਣਦਾਰ ਵਿਅਕਤੀ ਜਾਂ ਪ੍ਰਭਾਵਿਤ ਜ਼ਮੀਨ ਦੇ ਨਾਲ ਸੰਬੰਧਿਤ ਹੁੰਦਾ ਹੈ।

ਜੇ ਇੱਕ ਖ਼ਾਸ ਕਰ ਜਾ ਫੀਸ ਦੇ ਵਿਚ ਅੰਤਰ ਹੁੰਦਾ ਹੈ ਤੇ ਇਸਦਾ ਮਤਲਬ ਹੁੰਦਾ ਹੈ ਕਿ ਪਹਿਲਾਂ ਜਿਹੜੇ ਲੋਕ ਦੇਣਦਾਰ ਨਹੀਂ ਸਨ ਉਹਨਾਂ ਨੂੰ ਹੁਣ ਭੁਗਤਾਨ ਕਰਨਾ ਪਵੇਗਾ ਜਾਂ ਜੇ ਭੁਗਤਾਨ ਹੋਣ ਵਾਲੀਆਂ ਰਕਮਾਂ ਦੇ ਵਿਚ ਕੋਈ ਅੰਤਰ ਹੈ ਤੇ ਕੌਂਸਲ ਨੂੰ ਉਸ ਅੰਤਰ ਬਾਰੇ ਲੋਕਾਂ ਨੂੰ ਦੱਸਣਾ ਚਾਹੀਦਾ ਹੈ ਅਤੇ ਲੋਕ ਸਥਾਨਕ ਸਰਕਾਰੀ ਕਾਨੂੰਨ ਦੇ ਸੈਕਸ਼ਨ 223 ਦੇ ਅਧੀਨ ਆਪਣਾ ਪੱਖ ਪੇਸ਼ ਕਰ ਸਕਦੇ ਹਨ।

## ਜਨਤਕ ਸੂਚਨਾ ਅਤੇ ਸਲਾਹ

ਕਾਨੂੰਨ ਦੁਆਰਾ, ਇੱਕ ਖਾਸ ਕਰ ਜਾਂ ਫੀਸ ਨੂੰ ਪੱਕਾ ਕਰਨ ਤੋਂ ਪਹਿਲਾਂ ਕੌਂਸਲ ਨੂੰ ਰਸਮੀ ਤੌਰ 'ਤੇ ਜਨਤਕ ਸਲਾਹ ਲੈਣੀ ਚਾਹੀਦੀ ਹੈ। ਕਰ ਜਾਂ ਫੀਸ ਦਾ ਪ੍ਰਸਤਾਵ ਰੱਖਣ ਤੋਂ ਪਹਿਲਾਂ ਕੌਂਸਲ ਅਕਸਰ ਸਮਾਜ ਨੂੰ ਟਿੱਪਣੀ ਦੇ ਲਈ ਪੁੱਛੇਗੀ ਭਾਵੇਂ ਇਹ ਮਹੱਤਵਪੂਰਨ ਨਹੀਂ ਹੈ।

ਕੌਂਸਲ ਦੇ ਇੱਕ ਖਾਸ ਕਰ ਜਾਂ ਫੀਸ ਨੂੰ ਪੱਕਾ ਕਰਨ ਤੋਂ ਪਹਿਲਾਂ ਰਸਮੀ ਤੌਰ 'ਤੇ ਆਪਣਾ ਪੱਖ ਪੇਸ਼ ਕਰਨ ਦਾ ਅਧਿਕਾਰ ਲੋਕਾਂ ਕੋਲ ਹੁੰਦਾ ਹੈ।

ਕੌਂਸਲ ਨੂੰ ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖਣ ਦੀ ਲੋੜ ਹੁੰਦੀ ਹੈ ਜਿਸਨੂੰ ਜਨਤਕ ਸੂਚਨਾ ਦੇ 28 ਦਿਨਾਂ ਦੇ ਵਿਚ ਪ੍ਰਾਪਤ ਕੀਤਾ ਜਾਂਦਾ ਹੈ ਭਾਵੇਂ ਕੌਂਸਲ ਸਬਮਿਸ਼ਨ ਦੇ ਲਈ ਇੱਕ ਲੰਬਾ ਸਮਾਂ ਪ੍ਰਦਾਨ ਕਰ ਸਕਦੀ ਹੈ।

ਜੇ ਕੌਂਸਲ ਇੱਕ ਖਾਸ ਕਰ ਜਾਂ ਫੀਸ ਦੇ ਤੌਰ ਤੇ ਇੱਕ ਪ੍ਰੋਜੈਕਟ ਦੀ ਕੁਲ ਕੀਮਤ ਦੇ ਦੋ ਤਿਹਾਈ ਹਿੱਸੇ ਤੋਂ ਜ਼ਿਆਦਾ ਜਾਰੀ ਕਰਨਾ ਚਾਹੁੰਦੀ ਹੈ ਤੇ ਪ੍ਰਭਾਵਿਤ ਭੁਗਤਾਨ ਕਰਨ ਵਾਲੇ ਵਿਅਕਤੀ ਕੋਲ ਇੱਕ ਰਸਮੀ ਅਧਿਕਾਰ ਹੁੰਦਾ ਹੈ ਕਿ ਉਹ ਪ੍ਰਸ਼ਨ ਪੁੱਛ ਸਕਣ। ਜੇ 28 ਦਿਨਾਂ ਦੇ ਵਿਚ ਜ਼ਿਆਦਾਤਰ ਸੰਪਤੀਆਂ ਤੋਂ ਇਤਰਾਜ਼ ਪ੍ਰਾਪਤ ਹੁੰਦੇ ਹਨ ਤੇ ਕੌਂਸਲ ਖਾਸ ਕਰ ਜਾਂ ਫੀਸ ਨੂੰ ਜਾਰੀ ਨਹੀਂ ਕਰ ਸਕਦੀ ਹੈ। ਇਹ ਇਤਰਾਜ਼ ਵਿਧੀ ਪਾਣੀ ਕੱਢਣ ਵਾਲੀ ਸਕੀਮ ਤੇ ਲਾਗੂ ਨਹੀਂ ਹੁੰਦਾ ਹੈ ਜੋ ਜਨਤਾ ਦੀ ਸਿਹਤ ਦੇ ਲਈ ਜ਼ਰੂਰੀ ਹੁੰਦੀ ਹੈ।

ਖਾਸ ਸਥਿਤੀਆਂ ਦੇ ਅਧੀਨ ਉਹ ਲੋਕ ਜਿਹਨਾਂ ਨੇ ਇੱਕ ਖਾਸ ਕਰ ਜਾਂ ਖਾਸ ਫੀਸ ਦਾ ਭੁਗਤਾਨ ਕਰਨਾ ਹੁੰਦਾ ਹੈ ਉਹ Victorian Civil Administrative Tribunal (VCAT) ਨੂੰ ਅਰਜ਼ੀ ਦੇ ਸਕਦੇ ਹਨ।

ਜੇ ਤੁਹਾਨੂੰ ਸਹਾਇਤਾ ਦੀ ਲੋੜ ਹੈ, ਅਨੁਵਾਦ ਅਤੇ ਦੋਭਾਸ਼ੀਏ ਦੀ ਮਦਦ ਲਈ ਕਿਰਪਾ ਕਰਕੇ ਅਨੁਵਾਦ ਅਤੇ ਦੋਭਾਸ਼ੀਆ ਸੇਵਾ (TIS) ਨੂੰ ਸੰਪਰਕ ਕਰੋ

131 450 ਤੇ TIS National ਨੂੰ ਸੰਪਰਕ ਕਰੋ (ਆਸਟ੍ਰੇਲੀਆ ਦੇ ਅੰਦਰ) ਜਾਂ www.tisnational.gov.au ਤੇ ਜਾਓ।